ਸ਼ੁੱਭ ਸਵੇਰ। ਏ-ਸਵੇਇਲ (ਹੈਲੋ)। ਇਹ ਵੀਕਇੰਡ ਬਹੁਤ ਰੁਝੇਵਿਆਂ ਭਰਪੂਰ ਸੀ। ਅੱਜ 21 ਸਤੰਬਰ ਹੈ ਅਤੇ ਮੈਂ ਇਸ ਹਫਤੇ ਹੋਰ ਨਵੀਂ ਜਾਣਕਾਰੀ ਦੇਣਾ ਚਾਹੁੰਦਾ ਹਾਂ।

ਤੁਸੀਂ ਸ਼ਾਇਦ ਜਾਣਦੇ ਹੀ ਹੋਵੋ ਕਿ ਅਸੀਂ 14 ਸਕੂਲਾਂ ਵਿੱਚੋਂ ਕੋਵਿਡ ਨਾਲ ਸੰਪਰਕ (ਐਕਸਪੋਜ਼ਰ) ਹੋਣ ਬਾਰੇ ਚਿੱਠੀਆਂ ਭੇਜੀਆਂ ਹਨ ਅਤੇ ਮੈਂ ਤੁਹਾਨੂੰ ਇਸ ਸੰਬੰਧ ਵਿੱਚ ਸਾਡੇ ਅਮਲ ਬਾਰੇ ਦੱਸਣਾ ਚਾਹੁੰਦਾ ਹੈ ਅਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਤੁਹਾਡਾ ਸਕੂਲ ਇਸ ਵਿੱਚ ਸ਼ਾਮਲ ਹੋਵੇ ਤਾਂ ਤੁਸੀਂ ਕਿਨ੍ਹਾਂ ਚੀਜ਼ਾਂ ਦੀ ਉਮੀਦ ਰੱਖ ਸਕਦੇ ਹੋ। ਇਕ ਵਾਰ ਫਿਰ ਜਦੋਂ ਕੋਈ ਕੇਸ ਹੁੰਦਾ ਹੈ ਤਾਂ ਹੈਲਥ ਅਥਾਰਟੀ ਸਾਨੂੰ ਇਸ ਬਾਰੇ ਜਾਣਕਾਰੀ ਦਿੰਦੀ ਹੈ ਅਤੇ ਅਸੀਂ ਸਕੂਲ ਨੂੰ ਚਿੱਠੀ ਜਾਰੀ ਕਰਦੇ ਹਾਂ। ਭਾਵੇਂ ਕਿ ਸਕੂਲ ਵਿੱਚ ਇਕ ਕੇਸ ਹੋਵੇ, ਸਾਰੇ ਸਕੂਲ ਅਤੇ ਭਾਈਚਾਰੇ ਨੂੰ ਚਿੱਠੀ ਭੇਜੀ ਜਾਂਦੀ ਹੈ। ਜੇ ਸਕੂਲ ਵਿੱਚ ਜਾਂ ਭਾਈਚਾਰੇ ਵਿੱਚ ਕਿਸੇ ਨੂੰ ਹੋਰ ਧਿਆਨ ਦੇਣ ਦੀ ਲੋੜ ਹੋਵੇ, ਜੇ ਤੁਹਾਨੂੰ ਲੱਛਣਾਂ ਲਈ ਆਪਣੇ ਵੱਲ ਧਿਆਨ ਦੇਣ ਦੀ ਲੋੜ ਹੋਵੇ, ਕਿਉਂਕਿ ਤੁਸੀਂ ਇਸ ਪਾਜ਼ੇਟਿਵ ਕੇਸ ਦੇ ਨੇੜਲੇ ਸੰਪਰਕ ਵਿੱਚ ਰਹੇ ਹੋਵੋ, ਤਾਂ ਲੱਛਣਾਂ ਵੱਲ ਧਿਆਨ ਦੇਣ ਲਈ ਤੁਹਾਨੂੰ ਖਾਸ ਤੌਰ 'ਤੇ ਚਿੱਠੀ ਭੇਜੀ ਜਾਵੇਗੀ। ਇਹ ਚਿੱਠੀਆਂ ਸਾਵਧਾਨ ਕਰਨ ਵਾਲੀਆਂ ਹੋਣਗੀਆਂ। ਕੁਝ ਸਥਿਤੀਆਂ ਇਸ ਤਰ੍ਹਾਂ ਦੀਆਂ ਵੀ ਸਨ ਕਿ ਸਕੂਲ ਵਿੱਚ ਕੋਈ ਕੇਸ ਹੋਇਆ ਸੀ, ਅਤੇ ਉਨ੍ਹਾਂ ਨੂੰ ਪੱਕਾ ਪਤਾ ਨਹੀਂ ਸੀ ਕਿ ਸਕੂਲ ਵਿੱਚ ਉਨ੍ਹਾਂ ਦੇ ਨੇੜੇ ਕੌਣ ਕੌਣ ਸੀ, ਇਸ ਲਈ ਸਾਨੂੰ ਪਤਾ ਨਹੀਂ ਸੀ ਕਿ ਉਹ ਚਿੱਠੀਆਂ ਕਿਹਨਾਂ ਨੂੰ ਦਿੱਤੀਆਂ ਜਾਣ ਜਾਂ ਉਦਾਹਰਨ ਲਈ ਕਿਹਨਾਂ ਨੂੰ ਲੱਛਣਾਂ ਵੱਲ ਧਿਆਨ ਦੇਣ ਲਈ ਕਿਹਾ ਜਾਵੇ, ਇਸ ਲਈ ਅਸੀਂ ਸਾਰੇ ਸਕੂਲ ਨੂੰ ਇਸ ਤਰ੍ਹਾਂ ਕਰਨ ਲਈ ਕਿਹਾ ਸੀ। ਇਸ ਲਈ ਸਾਵਧਾਨੀ ਵਰਤਣ ਦੀ ਅਤੇ ਸਾਡੇ ਵੱਲੋਂ ਅਪਣਾਈ ਜਾਣ ਵਾਲੀ ਪਾਰਦਰਸ਼ਤਾ (ਟ੍ਰਾਂਸਪੇਰੈਂਸੀ) ਦੀ ਇਹ ਇਕ ਚੰਗੀ ਉਦਾਹਰਨ ਹੈ। ਜੇ ਤੁਹਾਨੂੰ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਕਰਨ ਦੀ ਲੋੜ ਹੋਵੇ, ਤਾਂ ਤੁਹਾਨੂੰ ਸਿੱਧੇ ਤੌਰ 'ਤੇ ਦੱਸਿਆ ਜਾਵੇਗਾ ਅਤੇ ਇਹ ਇਕਾਂਤਵਾਸ 14 ਦਿਨਾਂ ਲਈ ਹੋਵੇਗਾ। ਇਸ ਤਰ੍ਹਾਂ ਇਹ ਸਾਡੀ ਇਸ ਸਮੇਂ ਦੀ ਸਚਾਈ ਹੈ। ਜਾਪਦਾ ਹੈ ਕਿ ਇਹ ਹਰ ਰੋਜ਼ ਸਾਡੇ ਸਾਹਮਣੇ ਆ ਰਹੀ ਹੈ। ਇਸ ਲਈ ਮੈਂ ਮਾਪਿਆਂ, ਵਿਦਿਆਰਥੀਆਂ, ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਉੱਪ-ਪ੍ਰਿੰਸੀਪਲਾਂ ਨੂੰ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਸਲੀਅਤ ਵਿੱਚ ਰੋਜ਼ਾਨਾ ਜ਼ਿੰਦਗੀ ਵਿੱਚ ਜ਼ਮੀਨੀ ਪੱਧਰ 'ਤੇ ਤੁਸੀਂ ਇਸ ਨਾਲ ਰਹਿ ਰਹੇ ਹੋ ਅਤੇ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ।

ਮੈਂ ਗਿਣਤੀ ਲਈ ਵੀ ਸੰਦਰਭ ਪ੍ਰਦਾਨ ਕਰਨਾ ਚਾਹੁੰਦਾ ਹੈ ਕਿਉਂਕਿ ਇਸ ਸਮੇਂ ਸਰੀ ਇਕ ਦੁੱਖਦੇ ਅੰਗੂਠੇ ਵਾਂਗ ਸਾਹਮਣੇ ਆ ਰਿਹਾ ਹੈ। ਇਹ ਸਾਡੇ ਨਾਲ ਹੀ ਕਿਉਂ ਹੋ ਰਿਹਾ ਹੈ? ਇਹ ਸਾਰੇ ਕੇਸ ਕਿਉਂ? ਮੈਂ ਅੱਜ ਸਵੇਰੇ ਕੋਵਿਡ ਡੈਸ਼ਬੋਰਡ ਦੇਖਿਆ ਹੈ। ਇਕ ਹੈਲਥ ਇਲਾਕੇ (ਰਿਜਨ) ਵੱਜੋਂ ਵੈਨਕੂਵਰ ਆਈਲੈਂਡ ਵਿੱਚ ਨਵੇਂ ਕੇਸਾਂ ਦੀ ਗਿਣਤੀ ਜ਼ੀਰੋ ਹੈ ਅਤੇ ਐਕਟਿਵ ਕੇਸਾਂ ਦੀ ਗਿਣਤੀ ਨੌਂ। ਬ੍ਰਿਟਿਸ਼ ਕੋਲੰਬੀਆ ਦੇ ਇਨਟੀਰੀਅਰ ਦੇ ਸਮੁੱਚੇ ਇਲਾਕੇ ਵਿੱਚ ਤਿੰਨ ਨਵੇਂ ਕੇਸ ਸਾਹਮਣੇ ਆਏ ਹਨ ਅਤੇ ਉਸ ਵਿੱਚ ਪੱਚੀ ਐਕਟਿਵ ਕੇਸ ਹਨ। ਫ੍ਰੇਜ਼ਰ ਹੈਲਥ, ਜਿਹੜਾ ਕਿ ਸਾਡਾ ਇਲਾਕਾ ਹੈ, ਵਿੱਚ 70 ਨਵੇਂ ਕੇਸ ਸਾਹਮਣੇ ਆਏ ਹਨ ਅਤੇ ਇੱਥੇ 726 ਐਕਟਿਵ ਕੇਸ ਹਨ। ਇਸ ਲਈ ਜਦੋਂ ਸਾਡੇ ਸਕੂਲ ਜ਼ਿਲ੍ਹੇ ਵਿੱਚ 75000 ਵਿਦਿਆਰਥੀ ਅਤੇ 12000 ਕਰਮਚਾਰੀ ਹਨ, ਸਾਡੇ ਸਕੂਲਾਂ ਵਿੱਚ ਸੰਪਰਕ ਹੋਵੇਗਾ ਹੀ, ਅਸੀਂ ਬਹੁਤ ਵੱਡੇ ਹਾਂ। ਇਸ ਲਈ ਸਾਡੇ ਭਾਈਚਾਰੇ ਵਿੱਚ ਸਾਡੇ ਲਈ ਵੱਖਰਾ ਸੰਸਾਰ ਹੈ। ਮੈਂ ਸਰੀ ਬਾਰੇ ਇਸ ਦੇ ਵੱਡੀ ਗਿਣਤੀ ਵਿੱਚਲੇ ਬਹੁ-ਪੀੜੀਆਂ ਵਾਲੇ ਪਰਿਵਾਰਾਂ ਬਾਰੇ ਸੋਚਦਾ ਹਾਂ। ਸਾਡਾ ਭਾਈਚਾਰਾ ਇਕ ਅਜਿਹਾ ਭਾਈਚਾਰਾ ਹੈ ਜਿਹੜਾ ਸਾਡੇ ਬਜ਼ੁਰਗਾਂ ਦਾ ਖਿਆਲ ਰੱਖਦਾ ਹੈ, ਅਤੇ ਸਾਡੇ ਬਜ਼ੁਰਗ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਦਾ ਖਿਆਲ ਰੱਖਦੇ ਹਨ। ਮੈਨੂੰ ਯਕੀਨ ਹੈ ਕਿ ਪਰਿਵਾਰਾਂ ਲਈ ਇਹ ਇੱਕ ਫਿਕਰ ਵਾਲੀ ਗੱਲ ਹੈ ਅਤੇ ਇਹ ਪੂਰੀ ਤਰ੍ਹਾਂ ਸਮਝ ਆਉਣ ਵਾਲੀ ਗੱਲ ਹੈ। ਮੈਂ ਫਰੇਜ਼ਰ ਹੈਲਥ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਸਹਿਯੋਗ, ਉਹਨਾਂ ਦੀ ਪਾਰਦਰਸ਼ਤਾ ਚੀਜ਼ਾਂ ਨੂੰ ਚਲਾ ਰਹੀ ਹੈ। ਮੈਂ ਉਨ੍ਹਾਂ ਦੇ ਕੰਮ ਅਤੇ ਸੇਧ ਵਿੱਚ ਵਿਸ਼ਵਾਸ ਕਰਦਾ ਹਾਂ। ਉਹ ਸਾਡੇ ਬਹੁਤ ਹੀ ਵਧੀਆ ਭਾਈਵਾਲ ਰਹੇ ਹਨ, ਅਤੇ ਸਾਫ ਸਾਫ ਜਾਣਕਾਰੀ ਅਤੇ ਸਮਰਥਨ ਦਿੰਦੇ ਰਹੇ ਹਨ , ਅਤੇ ਉਹ ਸਾਡੇ ਨਾਲ ਮਿਲ ਕੇ ਮੁਸ਼ਕਿਲਾਂ ਦਾ ਹੱਲ ਕਰਦੇ ਹਨ, ਅਤੇ ਅਸੀਂ ਉਹਨਾਂ ਨਾਲ ਨਿਯਮਾਂ ਅਤੇ ਜੋ ਕੁਝ ਅਸੀਂ ਕਰ ਰਹੇ ਹਾਂ ਉਸ ਬਾਰੇ ਗੱਲ ਕਰਨ ਲਈ ਹਰ ਰੋਜ਼ ਅਤੇ ਹਰ ਕੇਸ ਦੇ ਸੰਬੰਧ ਵਿੱਚ ਮਿਲਦੇ ਹਾਂ।

ਇਸ ਸ਼ੁਰੂ ਦੇ ਦਿਨਾਂ ਵਿੱਚ ਜੋ ਕੁਝ ਸਾਨੂੰ ਦਿਖਾਈ ਦੇ ਰਿਹਾ ਹੈ, ਉਹ ਇਹ ਹੈ ਕਿ ਸਾਡੇ 20 ਸੈਕੰਡਰੀ ਸਕੂਲਾਂ ਵਿੱਚੋਂ ਨੌਂ ਸਕੂਲਾਂ, ਭਾਵ ਤਕਰੀਬਨ ਸਾਡੇ ਅੱਧੇ ਸੈਕੰਡਰੀ ਸਕੂਲਾਂ, ਵਿੱਚੋਂ ਸੰਪਰਕ (ਐਕਸਪੋਜ਼ਰ) ਦੀਆਂ ਚਿੱਠੀਆਂ ਭੇਜੀਆਂ ਜਾ ਚੁੱਕੀਆਂ ਹਨ। ਵੱਡੀ ਉਮਰ ਦੇ ਬੱਚੇ, ਜ਼ਿਆਦਾ ਗਿਣਤੀ। ਇਨ੍ਹਾਂ ਵਿੱਚੋਂ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 1500 ਤੋਂ ਵੱਧ ਅਤੇ ਕਰਮਚਾਰੀਆਂ ਦੀ ਗਿਣਤੀ 100 ਤੋਂ ਵੱਧ ਹੋਵੇਗੀ। ਸਾਡੇ ਬਹੁਗਿਣਤੀ ਸਕੂਲ ਇਸ ਤਰ੍ਹਾਂ ਦੇ ਹਨ। ਸਾਡੇ 101 ਐਲੀਮੈਂਟਰੀ ਸਕੂਲਾਂ ਵਿੱਚੋਂ ਸਿਰਫ ਪੰਜਾਂ ਵਿੱਚੋਂ ਸੰਪਰਕ ਦੀਆਂ ਚਿੱਠੀਆਂ ਭੇਜੀਆਂ ਗਈਆਂ ਹਨ। ਮੈਂ ਇੱਥੇ "ਸਿਰਫ" ਸਾਰੇ ਸੈਕੰਡਰੀ ਸਕੂਲਾਂ ਦੇ ਅੱਧ ਨੂੰ ਧਿਆਨ ਵਿੱਚ

ਰੱਖਦਿਆਂ ਕਹਿ ਰਿਹਾ ਹਾਂ। ਜੇ ਇਹ ਅਨੁਪਾਤ ਐਲੀਮੈਂਟਰੀ ਸਕੂਲਾਂ ਵਿੱਚ ਵੀ ਇਹ ਹੀ ਹੁੰਦਾ ਤਾਂ ਸ਼ਾਇਦ ਅਸੀਂ ਹੁਣ ਤੱਕ ਸਾਡੇ 50 ਤੋਂ ਵੱਧ ਐਲੀਮੈਂਟਰੀ ਸਕੂਲਾਂ ਵਿੱਚੋਂ ਚਿੱਠੀਆਂ ਜਾਰੀ ਕੀਤੀਆਂ ਹੁੰਦੀਆਂ, ਪਰ ਇਸ ਤਰ੍ਹਾਂ ਨਹੀਂ ਹੋ ਰਿਹਾ। ਅਸੀਂ ਹੈਲਥ ਵਾਲਿਆਂ ਨਾਲ ਇਸ ਬਾਰੇ ਗੱਲ ਕਰਾਂਗੇ, ਪਰ ਅਸੀਂ ਜਾਣਦੇ ਹਾਂ ਕਿ ਛੋਟੇ ਬੱਚਿਆਂ ਵਿੱਚ ਇਨਫੈਕਸ਼ਨ ਹੋਣ ਦੀ ਘੱਟ ਗੁੰਜਾਇਸ਼ ਹੈ, ਉਨ੍ਹਾਂ ਵਿੱਚ ਲੱਛਣ ਹਲਕੇ ਹੁੰਦੇ ਹਨ ਅਤੇ ਜਾਪਦਾ ਹੈ ਕਿ ਜੋ ਕੁਝ ਸਾਨੂੰ ਦਿਸ ਰਿਹਾ ਹੈ, ਉਸ ਵਿੱਚ ਇਹ ਹੋ ਰਿਹਾ ਹੈ।

ਇਸ ਲਈ ਤੁਹਾਡੇ ਲਈ ਮੇਰਾ ਅੱਜ ਦਾ ਸੁਨੇਹਾ ਇਹ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਸਾਡੀ ਜ਼ਿੰਦਗੀ ਜਿਸ ਤਰ੍ਹਾਂ ਦੀ ਹੋਵੇਗੀ, ਇਹ ਉਸ ਦਾ ਹਿੱਸਾ ਹੈ। ਕਿਰਪਾ ਕਰਕੇ ਬੀਮਾਰ ਹੁੰਦੇ ਹੋਏ ਸਕੂਲ ਨਾ ਆਉ। ਜੇ ਤੁਹਾਡੇ ਬੱਚੇ ਬੀਮਾਰ ਹੋਣ ਤਾਂ ਉਨ੍ਹਾਂ ਨੂੰ ਸਕੂਲ ਨਾ ਭੇਜੋ। ਕਿਰਪਾ ਕਰਕੇ ਸਾਡੇ ਸਟਾਫ ਅਤੇ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਖਿਆਲ ਰੱਖੋ। ਕਿਰਪਾ ਕਰਕੇ ਨਿਯਮਾਂ ਦਾ ਧਿਆਨ ਰੱਖੋ। ਹੁਣ ਤੱਕ ਹੋਣ ਵਾਲੇ ਕੇਸਾਂ ਵਿੱਚ ਨਿਯਮ ਲੋਕਾਂ ਨੂੰ ਸੁਰੱਖਿਅਤ ਰੱਖ ਰਹੇ ਹਨ ਅਤੇ ਕੋਵਿਡ ਦੇ ਫੈਲਣ ਨੂੰ ਘਟਾ ਰਹੇ ਹਨ ਜਾਂ ਰੋਕ ਰਹੇ ਹਨ। ਇਹ ਇਸ ਤਰ੍ਹਾਂ ਦੀਆਂ ਚੀਜ਼ਾਂ ਹਨ-ਇਕ ਦੂਸਰੇ ਤੋਂ ਦੂਰੀ ਰੱਖਣਾ, ਮਾਸਕ ਪਾਉਣਾ, ਆਪਣੇ ਹੱਥ ਧੋਣਾ ਅਤੇ ਆਪਣੇ ਚਿਹਰੇ ਨੂੰ ਹੱਥ ਨਾ ਲਾਉਣਾ। ਇਹ ਸਾਰੀਆਂ ਚੀਜ਼ਾਂ ਕਾਫੀ ਵੱਡਾ ਫਰਕ ਪਾਉਂਦੀਆਂ ਹਨ, ਅਤੇ ਬਦਕਿਸਮਤੀ ਨਾਲ ਇਹ ਘੱਟ ਹੋਣ ਵਾਲਾ ਨਹੀਂ ਹੈ। ਅਸੀਂ ਸ਼ੁਰੂ ਦੇ ਦਿਨਾਂ ਵਿੱਚ ਹਾਂ, ਅਤੇ ਇਹ ਨਵਾਂ ਸੰਤੁਲਨ ਲੱਭਣ ਬਾਰੇ ਹੈ। ਆਪਣੇ ਬੱਚਿਆਂ ਨੂੰ ਵਿਦਿਆ ਪ੍ਰਦਾਨ ਕਰਨ ਅਤੇ ਕੋਵਿਡ ਦੀ ਲਹਿਰ ਨੂੰ ਠੱਲ੍ਹ ਪਾਉਣ ਵਿਚਕਾਰ ਸੰਤੁਲਨ। ਆਉਣ ਵਾਲੇ ਕਈ ਮਹੀਨਿਆਂ ਦੌਰਾਨ ਇਹ ਸਾਡੀ ਸਚਾਈ ਹੋਵੇਗੀ। ਮੈਂ ਜਾਣਦਾ ਹਾਂ ਕਿ ਸਾਡੀ ਸ਼ੁਰੂ ਦੀ ਗਿਣਤੀ ਵੱਡੀ ਅਤੇ ਚਿੰਤਾ ਪੈਦਾ ਕਰਨ ਵਾਲੀ ਹੈ, ਪਰ ਮੈਂ ਚਾਹੁੰਦਾਂ ਹਾਂ ਕਿ ਤੁਸੀਂ ਇਸ ਨੂੰ ਸਿਰਫ ਇਕ ਸ਼ੁਰੂਆਤ ਦੇ ਤੌਰ 'ਤੇ ਦੇਖੋ। ਸਾਨੂੰ ਇਹ ਲੱਭਣ ਦੀ ਲੋੜ ਹੋਵੇਗੀ ਕਿ ਇਹ ਸੰਤੁਲਨ ਕਿਸ ਤਰਾਂ ਦਾ ਹੈ। ਜੇ ਸਾਨੂੰ ਹੋਰ ਜ਼ਿਆਦਾ ਫਿਕਰ ਕਰਨ ਅਤੇ ਚੇਤਨ ਹੋਣ ਦੀ ਲੋੜ ਹੋਵੇਗੀ, ਤਾਂ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਹੈਲਥ ਵਾਲੇ ਸਾਨੂੰ ਉਹ ਸਲਾਹ ਅਤੇ ਸੇਧ ਦੇਣਗੇ।

ਇਸ ਲਈ ਇਕ ਵਾਰ ਫਿਰ ਸਾਡੇ ਸਟਾਫ ਦਾ ਬਹੁਤ ਬਹੁਤ ਧੰਨਵਾਦ ਜੋ ਇਸ ਨਾਲ ਹਰ ਰੋਜ਼ ਜ਼ਮੀਨੀ ਪੱਧਰ 'ਤੇ ਨਿਪਟ ਰਹੇ ਹਨ। ਸਾਡੇ ਭਾਈਚਾਰੇ ਦਾ ਉਨ੍ਹਾਂ ਦੇ ਸਬਰ ਅਤੇ ਇਹ ਜਾਣਨ ਲਈ ਧੰਨਵਾਦ ਕਿ ਅਸੀਂ ਪਾਰਦਰਸ਼ੀ ਰਹਾਂਗੇ ਅਤੇ ਤੁਹਾਡੇ ਤੱਕ ਜਾਣਕਾਰੀ ਪਹੁੰਚਾਉਣਾ ਜਾਰੀ ਰੱਖਾਂਗੇ। ਤੰਦਰੁਸਤ ਰਹਿਓ ਅਤੇ ਆਪਣਾ ਖਿਆਲ ਰੱਖਿਓ। ਹਰ ਇਕ ਦਿਨ ਲਈ ਇਸ ਦੀ ਬਹੁਤ ਲੋੜ ਹੈ।

ਬਹੁਤ ਬਹੁਤ ਧੰਨਵਾਦ। ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼) ।